# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, E Block, ਚੌਥੀ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ

**Through WEBSITE**

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ
ਸਮੂਹ ਜਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ
ਸਕੂਲ ਮੁੱਖੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਵੋਕੇਸ਼ਨਲ)

ਮੀਮੋ ਨੰ:ਵੋਕੇਸ਼ਨਲ ਐਜੂਕੇਸ਼ਨ/2020/General /42155
ਮਿਤੀ, ਐਸ.ਏ.ਐਸ ਨਗਰ 31-1-2020

ਵਿਸ਼ਾ: ਸਟੇਟ ਵੋਕੇਸ਼ਨਲ ਸਿੱਖਿਆ ਅਧੀਨ ਚੱਲ ਰਹੇ ਟ੍ਰੇਡਾਂ ਦੇ Tools and Equipments ਨੂੰ ਲੋੜੀਦੇ ਸਕੂਲਾਂ ਵਿੱਚ ਸਿਫਟ ਕਰਨ ਸਬੰਧੀ।।

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਕੇਸ ਵਿੱਚ ਇਸ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸੈਕੰਡਰੀ ਸਕੂਲਾਂ ਵਿੱਚ ਵੋਕੇਸ਼ਨਲ ਟ੍ਰੇਡ ਡੈਡ ਹੋ ਚੁੱਕੇ ਹਨ, ਜਦੋਕਿ ਇਨ੍ਹਾਂ ਸਕੂਲਾਂ ਵਿੱਚ ਵੋਕੇਸ਼ਨਲ ਟ੍ਰੇਡ ਦੇ Tools and Equipments Un-utilized ਪਏ ਹਨ।

3. ਇਸ ਲਈ ਵਿਭਾਗ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਜਿਨ੍ਹਾਂ ਸੈਕੰਡਰੀ ਸਕੂਲਾਂ ਵਿੱਚ ਵੋਕੇਸ਼ਨਲ ਟ੍ਰੇਡ ਡੈਡ ਹਨ ਅਤੇ ਅਜਿਹੇ ਸਕੂਲਾਂ ਵਿੱਚ ਵੋਕੇਸ਼ਨਲ ਟ੍ਰੇਡ ਦੇ Tools and Equipments Unutlized ਪਏ ਹਨ, ਨੂੰ ਲੋੜੀਦੇ ਸਕੂਲਾਂ ਵਿੱਚ ਸ਼ਿਫਟ ਕੀਤਾ ਜਾਵੇ। ਇਸ ਤੋਂ ਇਲਾਵਾ ਕਈ ਸਕੂਲਾਂ ਵਿੱਚ ਵੋਕੇਸ਼ਨਲ ਟ੍ਰੇਡਾਂ ਨਾਲ ਸਬੰਧਤ ਮਸ਼ੀਨਰੀ ਜਾਂ ਹੋਰ ਸ਼ਾਜੋ ਸਮਾਨ ਜੋ ਵਰਤਨ ਯੋਗ ਨਹੀਂ ਹੈ ਅਰਥਾਤ ਖਰਾਬ ਹੋ ਚੁੱਕਾ ਹੈ ਅਤੇ ਦੁਬਾਰਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ, ਨੂੰ Proper Procedure (ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ) ਅਨੁਸਾਰ ਨਿਰਧਾਰਤ ਕਮੇਟੀ ਵੱਲੋਂ ਜਿਲ੍ਹਾ ਪੱਧਰ ਤੇ Dispose Off ਕੀਤਾ ਜਾਵੇ।

4. ਉਕਤ ਸਬੰਧੀ ਸਕੂਲਾਂ ਵਿੱਚ ਵੋਕੇਸ਼ਨਲ ਟ੍ਰੇਡ ਦੇ Tools and Equipments ਜੋ ਕਿ Un-utilized ਪਏ ਹਨ, ਨੂੰ ਲੋੜੀਦੇ ਸਕੂਲਾਂ ਵਿੱਚ ਸ਼ਿਫਟ ਕਰਨ ਹਿੱਤ ਅਤੇ ਵੋਕੇਸ਼ਨਲ ਟ੍ਰੇਡਾਂ ਨਾਲ ਸਬੰਧਤ ਮਸ਼ੀਨਰੀ ਜਾਂ ਹੋਰ ਸ਼ਾਜੋ ਸਮਾਨ ਜੋ ਵਰਤਨ ਯੋਗ ਨਹੀਂ ਹੈ ਅਰਥਾਤ ਦੁਬਾਰਾ ਇਸਤੇਮਾਲ ਨਹੀ ਕੀਤਾ ਜਾ ਸਕਦਾ ਨੂੰ Dispose Off ਕਰਨ ਹਿੱਤ, ਜਿਲ੍ਹਾ ਪੱਧਰ ਤੇ ਹੇਠ ਲਿਖੇ ਅਨੁਸਾਰ ਕਮੇਟੀ ਗਠਿਤ ਕੀਤੀ ਜਾਂਦੀ ਹੈ:-

| | | | |
|---|---|---|---|
| 1). | ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) | - | ਚੇਅਰਮੈਨ |
| 2). | ਸਬੰਧਤ ਸਕੂਲ ਮੁੱਖੀ | - | ਮੈਂਬਰਜ਼ |
| 3). | ਸਬੰਧਤ ਟ੍ਰੇਡ ਦਾ ਵੋਕੇਸ਼ਨਲ ਮਾਸਟਰ | - | ਮੈਂਬਰ |
| 4). | ਸਬੰਧਤ ਜਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ | - | ਕਨਵੀਨਰ |

5. ਉਕਤ ਜਿਲ੍ਹਾ ਪੱਧਰੀ ਕਮੇਟੀ ਵੋਕੇਸ਼ਨਲ ਟ੍ਰੇਡ (ਸਟੇਟ ਵੋਕੇਸ਼ਨਲ ਸਕੀਮ ਅਧੀਨ) ਦੇ Tools and Equipments ਜੋ ਕਿ ਸਕੂਲਾਂ ਵਿੱਚ Un-utilized ਪਏ ਹਨ, ਨੂੰ ਲੋੜੀਦੇ ਸਕੂਲਾਂ ਵਿੱਚ ਜਿਥੇ ਵੋਕੇਸ਼ਨਲ ਦੇ ਸਬੰਧਤ ਟ੍ਰੇਡ ਦੇ ਵਿਦਿਆਰਥੀਆਂ ਦੀ ਗਿਣਤੀ 20 ਤੋਂ ਵੱਧ ਹੈ ਅਤੇ ਸਬੰਧਤ (ਲੋੜੀਦੇ) ਸਕੂਲ ਵਿੱਚ ਸਬੰਧਤ ਵੋਕੇਸ਼ਨਲ ਟ੍ਰੇਡ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ, ਵਿਖੇ ਸ਼ਿਫਟ ਕਰਨਗੇ। ਇਸ ਤੋਂ ਇਲਾਵਾ ਜਿਲ੍ਹਾ ਪੱਧਰੀ ਕਮੇਟੀ ਵੋਕੇਸ਼ਨਲ ਟ੍ਰੇਡ ਨਾਲ ਸਬੰਧਤ ਮਸ਼ੀਨਰੀ ਜਾਂ ਹੋਰ ਸ਼ਾਜੋ ਸਮਾਨ ਜੋ ਵਰਤਨ ਯੋਗ ਨਹੀਂ ਹੈ ਅਰਥਾਤ ਦੁਬਾਰਾ ਇਸਤੇਮਾਲ ਨਹੀ ਕੀਤਾ ਜਾ ਸਕਦਾ ਨੂੰ Proper Procedure (ਪੰਜਾਬ ਸਰਕਾਰ ਦੀਆਂ ਹਦਾਇਤਾਂ) ਅਨੁਸਾਰ Dispose Off ਕਰਨਗੇ।

6. ਵੋਕੇਸ਼ਨਲ ਦੇ Tools and Equipments ਸ਼ਿਫਟਿੰਗ ਤੇ ਆਉਣ ਵਾਲਾ ਖਰਚਾ ਜਿਸ ਲੋੜੀਦੇ ਸਕੂਲ ਵਿੱਚ ਵੋਕੇਸ਼ਨਲ ਟ੍ਰੇਡ ਦਾ ਸਾਜ਼ੋ ਸਮਾਨ ਸਿਫਟ ਕੀਤਾ ਜਾਵੇਗਾ, ਉਸ ਸਕੂਲ ਦੇ Amalgamated Fund (ਅਮਲਗਾਮੇਟਿਡ ਫੰਡ) ਵਿਚੋਂ ਨਿਯਮਾਂ ਤਹਿਤ ਖਰਚ ਕੀਤਾ ਜਾਵੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ